# ਪਹਿਚਾਣ

ਮਹੀਨਾ: ਫਰਵਰੀ 2,2010.

ਅਡੀਸ਼ਨ ਨੰ: 1

| ਅੱਜ ਦੀ ਫੋਟੋ | ਅੱਜ ਦੀ ਪੀੜੀ ਦੀ ਪਹਿਚਾਣ | ਸੰਪਾਦਕ: ਕਿਰਨ ਉੱਭੀ |
| --- | --- | --- |

## ਬੱਚਿਆਂ ਦਾ ਕੋਰਨਰ

ਨਾਮ:ਮਨਰੀਤ





ਕਲਾਮ:

## ਜਨਵਰੀ ਦਾ ਮਹੀਨਾ

### ਸੁੰਦਰ-ਮੁੰਦਰੀਏ ਹੋ.....



। ਲਤਾ ਮੰਗੇਸ਼ਕਰ ਨੂੰ ਸੰਸਕ੍ਰਿਤਿਕ ਸੰਗਠਨ ਆਂਧਰਾ ਪ੍ਰਦੇਸ਼ ਕਲਾ ਵੇਦਿਕਾ ਅਤੇ ਰਾਜ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਸਮਾਰੋਹ ਵਿੱਚ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਮਾਰੋਹ ਦੌਰਾਨ ਲਤਾ ਮੰਗੇਸ਼ਕਰ ਨੇ ਦੋ ਤੇਲਗੂ ਗਾਣੇ ਗਾਏ ਪਰ ਉਹਨਾਂ ਨੂੰ ਤੇਲਗੂ ਭਾਸ਼ਾ ਦੀ ਜਾਣਕਾਰੀ ਨਾ ਹੋਣ 'ਤੇ ਅਫ਼ਸੋਸ ਪ੍ਰਗਟ ਕੀਤਾ। ਉਹਨਾਂ ਕਿਹਾ ਕਿ ਜਦੋਂ ਮੈਂ ਤੁਹਾਨੂੰ ਬੋਲਦੇ ਹੋਏ ਸੁਣਦੀ ਹਾਂ ਉਦੋਂ ਮੈਨੂੰ ਅਫ਼ਸੋਸ ਹੁੰਦਾ ਹੈ ਕਿ ਮੈਂ ਤੇਲਗੂ ਨਹੀਂ ਜਾਣਦੀ ਹਾਂ।

## ਮੌਸਮ ਦੀ ਜਾਣਕਾਰੀ:





ਅੱਜ ਕੱਲ

ਤਾਪਮਾਨ

12 ਡਿਗਰੀ ਘੱਟ ਤੋਂ ਘੱਟ

-5 ਡਿਗਰੀ ਵੱਧ ਤੋਂ ਵੱਧ

## ਇੰਡੋ ਕਨੇਡੀਅਨ ਪਰਿਵਾਰ ਦੀ ਤਿਕੜਬਾਜ਼ੀ ਕਾਰਨ ਬੇਟੀ ਦੋ ਸਾਲ ਤੋਂ ਸਾਊਦੀ ਅਰਬ 'ਚ ਅਟਕੀ



ਔਟਵਾ, 23 ਜਨਵਰੀ—ਆਪਣੀ ਰੂੜੀਵਾਦੀ ਸੋਚ ਨਾਲ ਬੱਝੇ ਇੱਥੋਂ ਦੇ ਇਕ ਇੰਡੋ ਕਨੇਡੀਅਨ ਪਰਿਵਾਰ ਨੇ ਸਥਾਨਕ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਦੀ ਗਰੈਜੂਏਟ 24 ਸਾਲਾ ਨਾਦੀਆ ਕਾਜ਼ੀ ਨੂੰ ਪਿਛਲੇ ਦੋ ਸਾਲ ਤੋਂ ਵੀ ਵੱਧ ਸਮੇਂ ਤੋਂ ਸਊਦੀ ਅਰਬ ਦੀ ਰਾਜਧਾਨੀ ਰਿਆਦ ਵਿਖੇ ਰਹਿਣ ਲਈ ਮਜਬੂਰ ਕੀਤਾ ਹੋਇਆ ਦੱਸੀਦਾ ਹੈ, ਜਿੱਥੇ ਉਸ ਦਾ ਬਾਪ ਮਲਿਕ ਅਬਦੁਲ ਗਫਾਰ ਕਾਜ਼ੀ ਨੌਕਰੀ ਕਰਦਾ ਹੈ।

# <u>ਜਨਮ ਦਿਨ ਤੇ ਸ਼ੁਭ ਕਾਮਨਾਵਾਂ</u>








ਜਨਮ ਦਿਨ ਮੁਬਾਰਕ <u>ਮਨਰੀਤ</u> ਮਾਰਚ 28. ਕਲਾਸ:



ਆਓ ਹੱਸੀਏ !!!!!!!!

**ਪੰਜਾਬੀ ਮੁੰਡਾ**: ਮੈਂ ਤੇਰੇ ਨਾਲ ਸਾਂਦੀ ਨਹੀਂ ਕਰ ਸਕਦਾ।ਘਰਵਾਲੇ ਮਨਾ ਕਰਦੇ!

**ਪੰਜਾਬੀ ਕੁੜੀ**:ਘਰ ਵਿਚ ਕੌਣ ਕੌਣ ਹੈ?

**ਪੰਜਾਬੀ ਮੁੰਡਾ**:ਇਕ ਪਤਨੀ ਤੇ ਤਿੰਨ ਬੱਚੇ.....




ਸਰੀਰਕ ਸਿੱਖਿਆ 'ਚ ਬਹੁਪੱਖੀ ਪਹੁੰਚ' ਤੇ ਕਾਨਫਰੰਸ

ਪਟਿਆਲਾ/1 ਫਰਵਰੀ/ਤੇਜਿੰਦਰ ਫਤਿਹਪੁਰ

ਪੰਜਾਬੀ ਯੂਨੀਵਰਸਿਟੀ ਵਿਖੇ 'ਸਰੀਰਕ ਸਿੱਖਿਆ ਵਿੱਚ ਬਹੁਪੱਖੀ ਪਹੁੰਚ' ਵਿਸ਼ੇ 'ਤੇ ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਵਿਭਾਗ ਵਲੋਂ ਕਰਵਾਈ ਜਾ ਰਹੀ ਚੌਥੀ ਰਾਸ਼ਟਰੀ ਕਾਨਫਰੰਸ ਮੌਕੇ ਦੇਸ਼ ਭਰ ਤੋਂ ਆਏ ਮਾਹਿਰਾਂ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਅੰਤਰ-ਰਾਸ਼ਟਰੀ ਪੱਧਰ 'ਤੇ ਵਧੀਆ ਨਤੀਜੇ ਹਾਸਿਲ ਕਰਨ ਲਈ ਸਾਨੂੰ ਨਵੀਆਂ ਤਕਨੀਕਾਂ ਅਪਨਾਉਣੀਆਂ ਚਾਹੀਦੀਆਂ ਹਨ।



**ਮੇਰੀ ਪਹਿਚਾਣ:** ਬੱਚਿਆਂ ਦਾ ਕੋਰਨਰ

ਹਰਸਿਮਰਨ ਕੌਰ ਕਲਾਸ: 7 ਵੀਂ

## ਵਿਸ਼ਵਜੋਤ

ਜ਼ਰੂਰੀ ਹੈ
ਪੰਛੀਆਂ ਦਾ ਆਜ਼ਾਦ ਉਡਦੇ ਰਹਿਣਾ ਜ਼ਰੂਰੀ ਹੈ,
ਇਹ ਪ੍ਰਤੀਬਿੰਬ ਨੇ ਸਾਡੀ ਆਜ਼ਾਦ ਸੋਚ ਦਾ;
ਇਨ੍ਹਾਂ ਦਾ ਪਿੰਜਰੇ ਵਿਚ ਬੰਦ ਹੋਣਾ
ਵਿਰੋਧਭਾਸ ਹੈ, ਇਨ੍ਹਾਂ ਦੀ ਹੋਂਦ ਦਾ।

ਖ਼ੁਆਬਾਂ ਨੂੰ ਬੁਣਦੇ ਰਹਿਣਾ ਜ਼ਰੂਰੀ ਹੈ,
ਇਹ ਪ੍ਰਮਾਣ ਨੇ ਸਾਡੇ ਜਿਉਂਦੇ ਹੋਣ ਦਾ;
ਖ਼ੁਆਬਾਂ ਦੀ ਔੜ, ਵਿਚਾਰਾਂ 'ਤੇ ਬੰਦਿਸ਼,
ਵਿਰੋਧਾਭਾਸ ਹੈ ਮਨੁੱਖ ਦੇ ਆਜ਼ਾਦ ਹੋਣ ਦਾ।

## ਅੱਖਰ ਭਾਲ:

| | | | | | | | |
|---|---|---|---|---|---|---|---|
| ਕ | ਰ | ਕ | ਸ | ਸ | ਗ | ਫਲ | ਮਟਰ |
| ਫ | ਣ | ਣ | ੜ | ਰ | ੜ | ਕਰ | ਨਰਮ |
| ਧ | ਲ | ਕ | ਨ | ਕ | ਬ | ਕਣਕ | ਸਰਕਸ |
| ਰ | ਨ | ਮ | ਕ | ਸ | ੜ | ਸੜਕ | ਗੜਬੜ |
| ਮ | ਮ | ਟ | ਰ | ਚ | ਲ | ਧਰਮ | ਹਰਕਤ |

# ਕਾਰਟੂਨ:













ਟੋਮ ਆਪਣੀ ਬੈਲਟ ਖਿਸਕਾ ਕੇ ਤੇਰਾ
ਢੱਕਾ ਜਾਂਦੀ ਤਾਂ ਨਹੀਂ ਦਿਖਦਾ



" ਤੁਹਾਨੂੰ ਕੀ ਲੱਗਦਾ ਮੇਰੇ ਤੇ ਪਰੈਸ਼ਰ ਹੈ"